www.BibleForChildren.org


# ਮੱਤੀ 8



ਤੀਜੇ ਦਿਨ ਗਲੀਲ ਦੇ ਇਲਾਕੇ ਦੇ ਕਾਨਾ ਪਿੰਡ ਵਿੱਚ ਇੱਕ ਵਿਆਹ ਸੀ। ਯਿਸੂ ਦੀ ਮਾਂ ਮਰਿਯਮ ਉੱਥੇ ਸੀ। ਯਿਸੂ ਅਤੇ ਉਹਨਾਂ ਦੇ ਚੇਲੇ ਵੀ ਉਸ
ਵਿਆਹ ਵਿੱਚ ਸੱਦੇ ਗਏ ਸਨ।



ਜਦੋਂ ਮੈਅ ਮੁੱਕ ਗਈ ਤਾਂ ਯਿਸੂ ਦੀ ਮਾਂ ਨੇ ਯਿਸੂ ਨੂੰ ਕਿਹਾ, “ਉਹਨਾਂ ਕੋਲ ਹੋਰ ਮੈਅ ਨਹੀਂ ਹੈ ।” ਪਰ ਯਿਸੂ ਦੀ ਮਾਂ ਨੇ ਸੇਵਕਾਂ ਨੂੰ ਕਿਹਾ, “ਜਿਸ ਤਰ੍ਹਾਂ ਉਹ ਤੁਹਾਨੂੰ ਕਹੇ ਉਸੇ ਤਰ੍ਹਾਂ ਕਰਨਾ ।”



ਯਿਸੂ ਨੇ ਸੇਵਕਾਂ ਨੂੰ ਕਿਹਾ, “ਮੱਟਾਂ ਨੂੰ ਪਾਣੀ ਦੇ ਨਾਲ ਭਰ ਦਿਓ ।” ਉਹਨਾਂ ਨੇ ਮੱਟਾਂ ਨੂੰ ਪਾਣੀ ਦੇ ਨਾਲ ਮੂੰਹ ਤੱਕ ਭਰ ਦਿੱਤਾ । ਫਿਰ ਯਿਸੂ ਨੇ ਸੇਵਕਾਂ ਨੂੰ ਕਿਹਾ, “ਥੋੜ੍ਹਾ ਜਿਹਾ ਪਾਣੀ ਬਾਹਰ ਕੱਢੋ ਅਤੇ ਭੋਜ ਦੇ ਪ੍ਰਧਾਨ ਕੋਲ ਲੈ ਜਾਓ ।” ਉਹ ਲੈ ਗਏ ।



ਪ੍ਰਧਾਨ ਨੇ ਉਸ ਪਾਣੀ ਦਾ ਸੁਆਦ ਚੱਖਿਆ ਜਿਹੜਾ ਮੈਅ ਬਣ ਚੁੱਕਾ ਸੀ। ਉਹ ਨਹੀਂ ਜਾਣਦਾ ਸੀ ਕਿ ਇਹ ਮੈਅ ਕਿੱਥੋਂ ਆਈ ਹੈ ਪਰ ਉਹ ਸੇਵਕ ਜਿਹਨਾਂ ਨੇ ਇਹ ਪਾਣੀ ਕੱਢਿਆ ਸੀ, ਜਾਣਦੇ ਸਨ। ਇਸ ਲਈ ਪ੍ਰਧਾਨ ਨੇ ਲਾੜੇ ਨੂੰ ਸੱਦਿਆ ਅਤੇ ਕਿਹਾ, "ਹਰ ਕੋਈ ਪਹਿਲਾਂ ਵਧੀਆ ਮੈਅ ਪ੍ਰਾਹੁਣਿਆਂ ਦੇ ਅੱਗੇ ਰੱਖਦਾ ਹੈ ਅਤੇ ਜਦੋਂ ਉਹ ਮਤਵਾਲੇ ਹੋ ਜਾਂਦੇ ਹਨ ਤਦ ਘਟੀਆ ਮੈਅ ਰੱਖਦਾ ਹੈ ਪਰ ਤੂੰ ਹੁਣ ਤੱਕ ਵਧੀਆ ਮੈਅ ਬਚਾਅ ਕੇ ਰੱਖੀ ਹੋਈ ਹੈ।"



ਇਸ ਪ੍ਰਕਾਰ ਯਿਸੂ ਨੇ ਆਪਣੇ ਚਮਤਕਾਰੀ ਚਿੰਨ੍ਹਾਂ ਦਾ ਆਰੰਭ ਗਲੀਲ ਦੇ ਇਸ ਪਿੰਡ ਕਾਨਾ ਵਿੱਚ ਕਰ ਕੇ ਆਪਣੀ ਮਹਿਮਾ ਪ੍ਰਗਟ ਕੀਤੀ ਅਤੇ ਯਿਸੂ ਦੇ ਚੇਲਿਆਂ ਨੇ ਉਹਨਾਂ ਵਿੱਚ ਵਿਸ਼ਵਾਸ ਕੀਤਾ ।



ਫਿਰ ਯਿਸੂ ਪਤਰਸ ਦੇ ਘਰ ਆਏ। ਉੱਥੇ ਉਹਨਾਂ ਨੇ ਪਤਰਸ ਦੀ ਸੱਸ ਨੂੰ ਦੇਖਿਆ ਜਿਹੜੀ ਬੁਖ਼ਾਰ ਦੇ ਕਾਰਨ ਮੰਜੀ ਦੇ ਉੱਤੇ ਲੇਟੀ ਹੋਈ ਸੀ।



ਇਸ ਲਈ ਯਿਸੂ ਨੇ ਉਸ ਦੇ ਹੱਥ ਨੂੰ ਛੂਹਿਆ, ਉਸ ਦਾ ਬੁਖ਼ਾਰ ਉਸੇ ਸਮੇਂ ਉਤਰ ਗਿਆ ਅਤੇ ਉਹ ਉੱਠ ਕੇ ਉਹਨਾਂ ਦੀ ਸੇਵਾ ਕਰਨ ਲੱਗੀ ।




ਸ਼ਾਮ ਦੇ ਸਮੇਂ ਸੂਰਜ ਡੁੱਬਣ ਦੇ ਬਾਅਦ ਲੋਕ ਬਹੁਤ ਸਾਰੇ ਰੋਗੀਆਂ ਅਤੇ ਜਿਹਨਾਂ ਵਿੱਚ ਅਸ਼ੁੱਧ ਆਤਮਾਵਾਂ ਸਨ, ਯਿਸੂ ਕੋਲ ਲਿਆਏ ਅਤੇ ਸਾਰਾ ਸ਼ਹਿਰ ਦਰਵਾਜ਼ੇ ਦੇ ਅੱਗੇ ਇਕੱਠਾ ਹੋ ਗਿਆ ।



ਯਿਸੂ ਨੇ ਬਹੁਤ ਸਾਰੇ ਲੋਕਾਂ ਨੂੰ ਜਿਹੜੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਨਾਲ ਰੋਗੀ ਸਨ, ਚੰਗਾ ਕੀਤਾ ਅਤੇ ਬਹੁਤ ਸਾਰੀਆਂ ਅਸ਼ੁੱਧ ਆਤਮਾਵਾਂ ਨੂੰ ਕੱਢਿਆ ਅਤੇ ਉਹਨਾਂ ਨੂੰ ਬੋਲਣ ਦੀ ਆਗਿਆ ਨਾ ਦਿੱਤੀ ਕਿਉਂਕਿ ਉਹ ਯਿਸੂ ਨੂੰ ਪਛਾਣਦੀਆਂ ਸਨ ਕਿ ਉਹ ਕੌਣ ਸਨ ।



ਹਰ ਕੋਈ ਯਿਸੂ ਨੂੰ ਛੂਹਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿਉਂਕਿ ਯਿਸੂ ਵਿੱਚੋਂ ਸਮਰੱਥਾ ਨਿੱਕਲ ਰਹੀ ਸੀ ਜਿਸ ਨਾਲ ਲੋਕ ਚੰਗੇ ਹੋ ਰਹੇ ਸਨ।



ਕਿ ਕੁਝ ਲੋਕ ਇੱਕ ਅਧਰੰਗੀ ਨੂੰ ਉਹਨਾਂ ਦੇ ਕੋਲ ਲਿਆਏ। ਉਸ ਅਧਰੰਗੀ ਨੂੰ ਚਾਰ ਆਦਮੀਆਂ ਨੇ ਚੁੱਕਿਆ ਹੋਇਆ ਸੀ . . .



. . . ਪਰ ਉਹ ਭੀੜ ਦੇ ਕਾਰਨ ਉਸ ਨੂੰ ਯਿਸੂ ਕੋਲ ਨਾ ਲਿਆ ਸਕੇ । ਇਸ ਲਈ ਉਹਨਾਂ ਨੇ ਉਸ ਮਕਾਨ ਦੀ, ਜਿਸ ਵਿੱਚ ਯਿਸੂ ਸਨ, ਛੱਤ ਨੂੰ ਉਧੇੜ ਕੇ ਉਸ ਰਾਹੀਂ ਅਧਰੰਗੀ ਨੂੰ ਮੰਜੀ ਸਮੇਤ ਹੇਠਾਂ ਉਤਾਰ ਦਿੱਤਾ ।




ਜਦੋਂ ਯਿਸੂ ਨੇ ਉਹਨਾਂ ਦਾ ਵਿਸ਼ਵਾਸ ਦੇਖਿਆ ਤਾਂ ਉਹਨਾਂ ਨੇ ਉਸ ਅਧਰੰਗੀ ਨੂੰ ਕਿਹਾ,
"ਪੁੱਤਰ, ਤੇਰੇ ਪਾਪ ਮਾਫ਼ ਹੋ ਗਏ ਹਨ ।"
"ਮੈਂ ਤੈਨੂੰ ਕਹਿੰਦਾ ਹਾਂ, ਉੱਠ,
ਆਪਣੀ ਮੰਜੀ ਚੁੱਕ ਅਤੇ
ਆਪਣੇ ਘਰ ਨੂੰ ਜਾ ।"



ਇਸ ਦੇ ਬਾਅਦ ਯਿਸੂ ਚੇਲਿਆਂ ਦੇ ਨਾਲ ਕਿਸ਼ਤੀ ਵਿੱਚ ਚੜ੍ਹ ਗਏ। ਉਸ ਸਮੇਂ ਅਚਾਨਕ ਝੀਲ ਵਿੱਚ ਇੱਕ ਵੱਡਾ ਤੂਫ਼ਾਨ ਆ ਗਿਆ।
ਇੱਥੋਂ ਤੱਕ ਕਿ ਕਿਸ਼ਤੀ ਲਹਿਰਾਂ ਦੇ ਵਿੱਚ ਲੁਕਦੀ ਜਾ ਰਹੀ ਸੀ।
ਪਰ ਯਿਸੂ ਸੁੱਤੇ ਹੋਏ ਸਨ।



ਪ੍ਰਭੂ ਯਿਸੂ ਨੇ ਉਹਨਾਂ ਨੂੰ ਕਿਹਾ, "ਤੁਸੀਂ ਕਿਉਂ ਇੰਨੇ ਡਰੇ ਹੋਏ ਹੋ ? ਤੁਹਾਡਾ ਵਿਸ਼ਵਾਸ ਬਹੁਤ ਘੱਟ ਹੈ ।" ਫਿਰ ਯਿਸੂ ਉੱਠੇ ਅਤੇ ਹਨੇਰੀ ਅਤੇ ਲਹਿਰਾਂ ਨੂੰ ਝਿੜਕਿਆ । ਉਸੇ ਸਮੇਂ ਉੱਥੇ ਸ਼ਾਂਤ ਵਾਤਾਵਰਨ ਹੋ ਗਿਆ । ਤਦ ਸਾਰੇ ਹੈਰਾਨ ਰਹਿ ਗਏ । ਉਹ ਕਹਿਣ ਲੱਗੇ, "ਇਹ ਕਿਸ ਤਰ੍ਹਾਂ ਦੇ ਮਨੁੱਖ ਹਨ ? ਇਹਨਾਂ ਦਾ ਕਹਿਣਾ ਤਾਂ ਹਨੇਰੀ ਅਤੇ ਲਹਿਰਾਂ ਵੀ ਮੰਨਦੀਆਂ ਹਨ !"



ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ
ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ
ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ
ਕਰਨ, ਨਾਸ਼ ਨਾ ਹੋਣ ਸਗੋਂ ਅਨੰਤ
ਜੀਵਨ ਪ੍ਰਾਪਤ ਕਰਨ।

ਰੋਮ 3:23 ਕਿਉਂਕਿ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਰ ਦੀ
ਮਹਿਮਾ ਤੋਂ ਵਾਂਝੇ ਹਨ ।

ਰੋਮ 6:23 ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਰ ਦਾ ਮੁਫ਼ਤ ਵਰਦਾਨ
ਸਾਡੇ ਪ੍ਰਭੂ ਮਸੀਹ ਯਿਸੂ ਵਿੱਚ ਅਨੰਤ ਜੀਵਨ ਹੈ ।

ਇਬਰਾਨੀਆਂ 9:27 ਜਿਵੇਂ ਮਨੁੱਖ ਦੇ ਲਈ ਇੱਕ ਵਾਰ ਮਰਨਾ ਅਤੇ ਉਸ ਦੇ ਬਾਅਦ
ਨਿਆਂ ਹੋਣਾ ਨਿਯੁਕਤ ਕੀਤਾ ਗਿਆ ਹੈ,

ਅਫ਼ਸੁਸ 2:8,9 ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ
ਮੁਕਤੀ ਪ੍ਰਾਪਤ ਕੀਤੀ ਹੈ । ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ
ਦਾ ਵਰਦਾਨ ਹੈ ।

ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ
ਜਾ ਸਕਦਾ ।
ਰੋਮ 10:9,10 ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ “ਯਿਸੂ ਪ੍ਰਭੂ ਹਨ,” ਅਤੇ
ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ
ਜਿਉਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ ।

ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ ।

ਯੂਹੰਨਾ 3:16,17 ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ ।

ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਸੰਸਾਰ ਵਿੱਚ ਇਸ ਲਈ ਨਹੀਂ ਭੇਜਿਆ ਕਿ ਉਹ ਸੰਸਾਰ ਨੂੰ ਦੋਸ਼ੀ ਠਹਿਰਾਉਣ ਸਗੋਂ ਇਸ ਲਈ ਕਿ ਸੰਸਾਰ ਨੂੰ ਮੁਕਤੀ ਦੇਣ ।

1 ਯੂਹੰਨਾ 5:11-13 ਉਹ ਗਵਾਹੀ ਇਹ ਹੈ ਕਿ ਪਰਮੇਸ਼ਰ ਨੇ ਸਾਨੂੰ ਅਨੰਤ ਜੀਵਨ ਦਿੱਤਾ ਹੈ ਅਤੇ ਇਹ ਜੀਵਨ ਉਹਨਾਂ ਦੇ ਪੁੱਤਰ ਦੇ ਵਿੱਚ ਹੈ ।

ਜਿਸ ਦੇ ਕੋਲ ਪੁੱਤਰ ਹੈ, ਉਸ ਦੇ ਕੋਲ ਇਹ ਜੀਵਨ ਹੈ ਪਰ ਜਿਸ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ, ਉਸ ਦੇ ਕੋਲ ਜੀਵਨ ਵੀ ਨਹੀਂ ।

ਮੈਂ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹੋ, ਇਹ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਜਾਣ ਲਵੋ ਕਿ ਤੁਹਾਡੇ ਕੋਲ ਅਨੰਤ ਜੀਵਨ ਹੈ ।

ਮੱਤੀ 8-9; ਮਰਕੁਸ 1-2, 4; ਲੂਕਾ 4, 8; ਯੂਹੰਨਾ 2

Storyline by: Edward D. Hughes

Illustrated by: Byron Unger, Lazarus
and Alastair Paterson

Adapted by: E. Frischbutter; Sarah S.

Punjabi Common Language (North American Version):
Text (pan) © 2021 Canadian Bible Society and Bible
Society of India

https://live.bible.is/bible/PANDPI/GEN/1

©2026 Bible for Children, Inc.

www.M1914.org www.bibleforchildren.org